# ਨਗਰ ਨਿਗਮ, ਬਠਿੰਡਾ

## ਸਰਲ ਤਰੀਕੇ ਨਾਲ ਪਬਲਿਕ ਦੇ ਆਧਾਰ ਕਾਰਡ ਬਨਾਉਣਾ

## - ਸ੍ਰ: ਬਲਜੀਤ ਸਿੰਘ ਬੀੜ ਬਹਿਮਣ, ਮੇਅਰ।

ਬਠਿੰਡਾ ( 12.12.2012) : ਸ੍ਰ: ਬਲਜੀਤ ਸਿੰਘ ਬੀੜ ਬਹਿਮਣ, ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਪਬਲਿਕ ਨੂੰ ਆਧਾਰ ਕਾਰਡ ਬਨਾਉਣ ਸਬੰਧੀ ਪੇਸ਼ ਆ ਰਹੀ ਸਮੱਸਿਆ ਦੇ ਹੱਲ ਲਈ ਨਗਰ ਨਿਗਮ ਬਠਿੰਡਾ ਵਿਖੇ ਆਧਾਰ ਕਾਰਡ ਬਨਾਉਣ ਲਈ ਮਸ਼ੀਨਾ ਲਗਵਾਈਆਂ ਗਈਆਂ। ਸ੍ਰ: ਬਲਜੀਤ ਸਿੰਘ ਬੀੜ ਬਹਿਮਣ, ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਅੱਜ ਖੁੱਦ ਹਾਜ਼ਰ ਹੋ ਕੇ ਆਪਣਾ ਆਧਾਰ ਕਾਰਡ ਬਣਵਾਇਆ। ਉਹਨਾਂ ਕਿਹਾ ਕਿ ਪਬਲਿਕ ਨੂੰ ਆਧਾਰ ਕਾਰਡ ਬਨਵਾਉਣ ਵਿੱਚ ਕਾਫੀ ਦਿੱਕਤਾਂ ਪੇਸ਼ ਆ ਰਹੀਆਂ ਸਨ। ਆਮ ਲੋਕਾਂ ਨੂੰ ਇਹ ਵੀ ਪਤਾ ਨਹੀਂ ਚਲਦਾ ਸੀ ਕਿ ਆਧਾਰ ਕਾਰਡ ਕਦੋਂ ਅਤੇ ਕਿਸ ਜਗ੍ਹਾ ਬਣ ਰਹੇ ਹਨ। ਲੋਕ ਆਪਣਾ ਆਧਾਰ ਕਾਰਡ ਬਨਵਾਉਣ ਲਈ ਇੱਧਰ-ਉਧਰ ਫਿਰਦੇ ਰਹਿੰਦੇ ਸਨ। ਉਹਨਾਂ ਲੋਕਾਂ ਦੀ ਪਰੇਸ਼ਾਨੀ ਦੇ ਹੱਲ ਲਈ ਨਗਰ ਨਿਗਮ ਬਠਿੰਡਾ ਦੇ ਦਫਤਰ ਵਿਖੇ ਆਧਾਰ ਕਾਰਡ ਬਨਵਾਉਣ ਖਾਤਰ ਜਗ੍ਹਾ ਦਿੱਤੀ ਅਤੇ ਆਮ ਪਬਲਿਕ ਨੂੰ ਅਪੀਲ ਕੀਤੀ ਕਿ ਉਹ ਕੰਮ-ਕਾਜ਼ ਵਾਲੇ ਦਿਨਾਂ ਤੋਂ ਇਲਾਵਾ ਛੁੱਟੀ ਵਾਲੇ ਦਿਨ ਵੀ ਨਗਰ ਨਿਗਮ ਬਠਿੰਡਾ ਦੇ ਦਫਤਰ ਵਿਖੇ ਆ ਕੇ ਆਪਣਾ ਆਧਾਰ ਕਾਰਡ ਬਣਵਾ ਸਕਦੇ ਹਨ। ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਆਪਣੇ ਸੰਬੋਧਨ ਵਿੱਚ ਕਿਹਾ ਗਿਆ ਕਿ ਇਹ ਬਠਿੰਡਾ ਸ਼ਹਿਰ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਪੰਜਾਬ ਰਾਜ ਦੀਆਂ ਸਮੂਹ ਨਗਰ ਨਿਗਮਾਂ ਵਿੱਚੋਂ ਨਗਰ ਨਿਗਮ ਬਠਿੰਡਾ ਦਾ ਇਹ ਪਹਿਲਾ ਕੇਂਦਰ ਹੈ, ਜਿੱਥੇ ਆਮ ਜਨਤਾ ਆਪਣਾ ਆਧਾਰ ਕਾਰਡ ਕਿਸੇ ਵੀ ਦਿਨ ਬਣਵਾ ਸਕਦੀ ਹੈ। ਇਸ ਨਾਲ ਲੋਕ ਇਧਰ-ਉਧਰ ਨਾਂ ਜਾ ਕੇ ਨਗਰ ਨਿਗਮ ਬਠਿੰਡਾ ਵਿਖੇ ਹੀ ਆਪਣਾ ਆਧਾਰ ਕਾਰਡ ਬਣਵਾ ਸਕਣਗੇ।

ਫੋਟੋ ਕੈਪਸ਼ਨ : ਸ੍ਰ: ਬਲਜੀਤ ਸਿੰਘ ਬੀੜ ਬਹਿਮਣ, ਮੇਅਰ, ਨਗਰ ਨਿਗਮ ਬਠਿੰਡਾ ਆਪਣਾ ਆਧਾਰ ਕਾਰਡ ਬਣਵਾਉਂਦੇ ਹੋਏ